# ਪ੍ਰੈਸ ਨੋਟ

ਮਾਣਯੋਗ ਸ਼੍ਰੀ ਅਰਪਿਤ ਸ਼ੁਕਲਾ, ਆਈ.ਪੀ.ਐਸ, ਆਈ.ਜੀ.ਪੀ.ਜੋਨ ਜਲੰਧਰ ਅਤੇ ਮਾਣਯੋਗ ਸ਼੍ਰੀ ਜਸਕਰਨ ਸਿੰਘ, ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਜਲੰਧਰ ਰੇਂਜ, ਜਲੰਧਰ ਕੈਂਟ ਵੱਲੋਂ ਪ੍ਰੈਸ ਕਾਨਫਰੰਸ ਰਾਹੀ ਦੱਸਿਆ, ਕਿ ਕਪੂਰਥਲਾ ਪੁਲਿਸ ਨੇ ਇੱਕ ਅੰਤਰਰਾਜੀ ਏ.ਟੀ.ਐਮ ਲੁੱਟਣ ਵਾਲੇ ਚੋਰ ਗਿਰੋਹ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਜਿਨ੍ਹਾਂ ਨੇ ਦੱਸਿਆ ਕਿ ਮਿਤੀ 19/20-07-17 ਦੀ ਦਰਮਿਆਨੀ ਰਾਤ ਨੂੰ ਓਰੀਐਂਟਲ ਬੈਂਕ ਆਫ ਕਾਮਰਸ ਸੁਲਤਾਨਪੁਰ ਲੋਧੀ ਤੋਂ ਏ.ਟੀ.ਐਮ ਨਾਮਲੂਮ ਵਿਅਕਤੀਆਂ ਨੇ ਗੈਸ ਕਟਰ ਨਾਲ ਕੱਟ ਕੇ 11,43,100/-ਰੁਪਏ ਚੋਰੀ ਕਰ ਲਏ ਸਨ। ਜਿਸ ਦੇ ਸਬੰਧ ਵਿੱਚ ਮੁ:ਨੰ: 205 ਮਿਤੀ 20-07-17 ਅ/ਧ 457/380 ਭ:ਦ: ਥਾਣਾ ਸੁਲਤਾਨਪੁਰ ਲੋਧੀ ਵਿਖੇ ਦਰਜ ਰਜਿਸਟਰ ਕੀਤਾ ਗਿਆ ਸੀ। ਜਿਸ ਦੀ ਤਫਤੀਸ਼ ਮਾਣਯੋਗ ਸ਼੍ਰੀ ਸੰਦੀਪ ਕੁਮਾਰ ਸ਼ਰਮਾ, ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਨੇ ਖੁਦ ਆਪਣੀ ਜੇਰ ਨਿਗਰਾਨੀ ਹੇਠ ਕਰਵਾਈ।ਜਿਲਾ ਦੀਆਂ ਵੱਖ ਵੱਖ ਟੀਮਾਂ ਤਿਆਰ ਕਰਕੇ ਮੁਕੱਦਮਾ ਨੂੰ ਟਰੇਸ ਕਰਨ ਲਈ ਹਰ ਪੱਖੋਂ ਡੂੰਘਾਈ ਨਾਲ ਤਫਤੀਸ਼ ਕੀਤੀ ਗਈ। ਸੀ.ਸੀ.ਟੀ.ਵੀ ਫੁਟੇਜ ਤੋਂ ਦੋਸ਼ੀਆਂ ਦੇ ਸਕੈਚ ਤਿਆਰ ਕਰਵਾਏ ਗਏ। ਜਿਸ ਵਿੱਚ ਗੱਡੀ ਦੀ ਸ਼ਨਾਖਤ ਵਰੁਣਾ ਕਾਰ ਵਜੋਂ ਹੋਈ। ਕੱਲ ਮਿਤੀ 24-07-17 ਨੂੰ ਜਿਲਾ ਕਪੂਰਥਲਾ ਨੂੰ ਉਸ ਸਮੇਂ ਭਾਰੀ ਸਫਲਤਾ ਹਾਸਿਲ ਹੋਈ, ਜਦੋਂ ਕਪੂਰਥਲਾ ਪੁਲਿਸ ਮੁਖਬਰੀ ਦੇ ਅਧਾਰ ਤੇ ਨਾਕਾਬੰਦੀ ਫੌਜੀ ਕਲੋਨੀ ਮੋੜ ਸੁਲਤਾਨਪੁਰ ਲੋਧੀ ਦੌਰਾਨ ਕਪੂਰਥਲਾ ਸਾਈਡ ਤੋਂ ਆਉਂਦੀ ਇੱਕ ਵਰੁਣਾ ਕਾਰ ਨੰਬਰ ਪੀ.ਬੀ.-07-ਏ.ਐਮ-8224 ਨੂੰ ਰੋਕਿਆ, ਤਾਂ ਉਸ ਵਿੱਚੋਂ 3 ਮੋਨੇ ਨੌਜਵਾਨਾਂ ਨੂੰ ਕਾਬੂ ਕੀਤਾ। ਜਿਨਾਂ ਨੇ ਆਪਣਾ ਨਾਮ ਇੰਦਰਜੀਤ ਸਿੰਘ ਪੁੱਤਰ ਹਰਭਜਨ ਸਿੰਘ ਕੌਮ ਖੱਤਰੀ ਵਾਸੀ ਈ/5 ਨਿਊ ਗਣੇਸ਼ ਨਗਰ ਰਾਮਾਮੰਡੀ ਜਲੰਧਰ, ਅਮਰੀਕ ਸਿੰਘ ਪੁੱਤਰ ਨਿਰਮਲ ਸਿੰਘ ਜੱਟ ਵਾਸੀ ਸਿਮਰੀ ਜਿਲਾ ਲਖੀਨਪੁਰ ਯੂ.ਪੀ,ਹਾਲ ਤਰਨਤਾਰਨ ਅਤੇ ਪ੍ਰਿੰਸ ਪੁੱਤਰ ਸਤਪਤੀ ਵਾਸੀ ਮਕਾਨ ਨੰ: 29/1 ਗਲੀ ਨੰ: 30 ਜੋਗਿੰਦਰ ਨਗਰ ਜਲੰਧਰ ਕੈਂਟ ਦੱਸਿਆ। ਗੱਡੀ ਦੀ ਤਲਾਸ਼ੀ ਕਰਨ ਤੇ ਗੱਡੀ ਦੀ ਡਿੱਗੀ ਵਿੱਚੋਂ ਪਿਛਲੀ ਸ਼ੀਟ ਪਾੜ ਕੇ ਇੱਕ ਗੈਸ ਸਲੰਡਰ,ਤਾਰ ਅਤੇ ਗੈਸ ਕਟਰ ਰੱਖਿਆ ਹੋਇਆ ਮਿਲਿਆ। ਗੱਡੀ ਵਿੱਚੋਂ ਵੱਖ ਵੱਖ ਨੰਬਰਾਂ ਦੀਆਂ ਜਾਅਲੀ ਨੰਬਰ ਪਲੇਟਾਂ ਮਿਲੀਆਂ ਅਤੇ ਗੱਡੀ ਤੇ ਜਾਅਲੀ ਨੰਬਰ ਪਲੇਟ ਲੱਗੀ ਹੋਈ ਸੀ।ਦੌਰਾਨੇ ਸਰਚ ਇੰਦਰਜੀਤ ਸਿੰਘ ਪਾਸੋਂ ਇੱਕ ਪਿਸਟਲ ਦੇਸੀ 32 ਬੋਰ ਸਮੇਤ 6 ਕਾਰਤੂਸ ਜਿੰਦਾ ਅਤੇ 280 ਨਸ਼ੀਲੇ ਕੈਪਸੂਲ ਅਤੇ 220 ਨਸ਼ੀਲੀਆਂ ਗੋਲੀਆਂ, ਪ੍ਰਿੰਸ ਪਾਸੋਂ 100 ਕੈਪਸੂਲ ਅਤੇ 100 ਨਸ਼ੀਲੀਆਂ ਗੋਲੀਆਂ ਅਤੇ ਅਮਰੀਕ ਸਿੰਘ ਪਾਸੋਂ ਇੱਕ ਪਿਸਟਲ 32 ਬੋਰ ਸਮੇਤ 6 ਕਾਰਤੂਸ ਜਿੰਦਾ ਤੇ 320 ਨਸ਼ੀਲੇ ਕੈਪਸੂਲ ਅਤੇ 180 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੇ ਗਏ।ਉਕਤ ਗੱਡੀ ਵਿੱਚ ਆਕਸੀਜਨ ਵਾਲਾ ਗੈਸ ਕਟਰ, ਗੈਸ ਸਲੰਡਰ, ਦਸਤਾਨੇ, ਵਾਰਦਾਤ ਕਰਨ ਸਮੇਂ ਪਹਿਨੇ ਹੋਏ ਕੱਪੜੇ ਬਰਾਮਦ ਹੋਏ। ਜਿਸ ਤੇ ਮੁ: ਨੰ: 211 ਮਿਤੀ 24-07-17 ਅ/ਧ 392/482/457/380/411 ਭ:ਦ: , 22/61/85 ਐਨ.ਡੀ.ਪੀ.ਐਸ.ਐਕਟ ਅਤੇ 25/54/59 ਅਸਲਾ ਐਕਟ ਥਾਣਾ ਸੁਲਤਾਨਪੁਰ ਲੋਧੀ ਦਰਜ ਰਜਿਸਟਰ ਕੀਤਾ ਗਿਆ। ਦੌਰਾਨੇ ਤਫਤੀਸ਼ ਦੋਸ਼ੀਆਂ ਨੇ ਦੌਰਾਨੇ ਪੁੱਛਗਿੱਛ ਦੱਸਿਆ ਕਿ ਉਹਨਾਂ ਨੇ ਸਾਲ 2013 ਵਿੱਚ ਜਿਲਾ ਜਲੰਧਰ ਵਿਖੇ ਪੀ.ਐਨ.ਬੀ. ਦੇ ਏ.ਟੀ.ਐਮ ਵਿੱਚ ਪੈਸੇ ਪਾਉਣ ਸਮੇਂ ਵੇਖਿਆ ਸੀ, ਕਿ ਕਿਸ ਤਰਾਂ ਖੋਲ ਕੇ ਏ.ਟੀ.ਐਮ ਵਿੱਚ ਪੈਸੇ ਪਾਉਂਦੇ ਹਨ ਅਤੇ ਬਾਅਦ ਵਿੱਚ ਕੁਵਾੜੀਆਂ ਪਾਸ ਗੈਸ ਨਾਲ ਲੋਹਾ ਕੱਟਦੇ ਹੋਏ ਵੇਖਿਆ।ਜਿਸ ਤੇ ਦੋਸ਼ੀ ਇੰਦਰਜੀਤ ਸਿੰਘ ਨੇ ਇਹ ਠਾਣ ਲਿਆ ਕਿ ਏ.ਟੀ.ਐਮ ਕੱਟ ਕੇ ਉਸ ਵਿੱਚੋਂ ਪੈਸੇ ਚੋਰੀ ਕੀਤੇ ਜਾਣ। ਜਿਸ ਕਰਕੇ ਉਸ ਨੇ ਜਲੰਧਰ ਤੋਂ ਗੈਸ ਕਟਰ ਅਤੇ ਜਿਲਾ ਹੁਸ਼ਿਆਰਪੁਰ ਤੋਂ ਗੈਸ ਸਲੰਡਰ ਖਰੀਦ ਕੀਤਾ ਅਤੇ ਆਪਣੇ ਸਹੁਰਾ ਪਿੰਡ ਹਰਿਆਣਾ ਜਿਲਾ ਹੁਸ਼ਿਆਰਪੁਰ ਵਿਖੇ ਲੋਹਾ ਕੱਟਣ ਦੀ ਟ੍ਰੇਨਿੰਗ ਹਾਸਿਲ ਕੀਤੀ। ਜਿਸ ਤਹਿਤ ਉਸ ਨੇ ਲੋਹੇ ਦੀਆਂ ਸ਼ੀਟਾਂ ਮੰਗਵਾ ਕੇ ਗੈਸ ਕਟਰ ਨਾਲ ਘਰ ਵਿੱਚ ਲੋਹਾ ਕੱਟਣ ਦੀ ਟ੍ਰੈਨਿੰਗ ਕੀਤੀ।ਜਿਸ ਤਹਿਤ ਇੰਦਰਜੀਤ ਸਿੰਘ ਉਕਤ ਨੇ ਪਹਿਲਾਂ ਪ੍ਰਿੰਸ ਨੂੰ ਆਪਣੇ ਨਾਲ ਮਿਲਾਇਆ ਅਤੇ ਉਸ ਨੇ ਹੁਸ਼ਿਆਰਪੁਰ ਅਤੇ ਕਪੂਰਥਲਾ ਵਿੱਚੋ ਏ.ਟੀ.ਐਮ ਤੋੜ ਕੇ ਨਗਦੀ ਚੋਰੀ ਕੀਤੀ। ਉਸ ਤੋਂ ਬਾਅਦ ਇੰਦਰਜੀਤ ਸਿੰਘ ਨੇ ਆਪਣੇ ਨਾਲ ਅਮਰੀਕ ਸਿੰਘ ਉਕਤ ਨੂੰ ਮਿਲਾ ਲਿਆ ਅਤੇ ਇਸ ਕੰਮ ਲਈ ਵਰੁਣਾ ਗੱਡੀ ਚੋਰੀ ਕਰਕੇ ਅਤੇ ਗੁੜਗਾਉਂ ਤੋਂ 32 ਬੋਰ ਦੇ 2 ਪਿਸਟਲ ਖਰੀਦ ਕੇ ਪੰਜਾਬ, ਹਿਮਾਚਲ, ਉਤਰਾਖੰਡ ਅਤੇ ਯੂ.ਪੀ ਵਿੱਚੋ ਏ.ਟੀ.ਐਮ ਤੋੜ ਕੇ ਕਰੋੜਾਂ ਰੁਪਏ ਦੀ ਨਗਦੀ ਚੋਰੀ ਕੀਤੀ। ਦੌਰਾਨੇ ਇੰਕਸਾਫ ਦੋਸ਼ੀ ਇੰਦਰਜੀਤ ਸਿੰਘ ਪਾਸੋਂ 5,50,000/-ਰੁਪਏ ਦੀ ਕਰੰਸੀ ਅਤੇ ਦੋਸ਼ੀ ਅਮਰੀਕ ਸਿੰਘ ਉਕਤ ਪਾਸੋਂ 4,50,000/-ਰੁਪਏ ਦੀ ਕਰੰਸੀ, ਜੋ ਇਹਨਾਂ ਨੇ ਓਰੀਐਂਟਲ ਬੈਂਕ ਆਫ ਕਾਮਰਸ ਸੁਲਤਾਨਪੁਰ ਲੋਧੀ ਦੇ ਏ.ਟੀ.ਐਮ ਤੋਂ ਮਿਤੀ 20.7.17 ਨੂੰ ਚੋਰੀ ਕੀਤੀ ਸੀ, ਬਰਾਮਦ ਕੀਤੀ ਗਈ ਹੈ।ਜੋ ਹੁਣ ਤੱਕ ਦੋਸ਼ੀਆਂ ਨੇ ਕਰੀਬ 34 ਏ.ਟੀ.ਐਮ ਤੋੜਨ ਦੀਆਂ ਵਾਰਦਾਤਾਂ ਕਰਨੀਆਂ ਮੰਨੀਆਂ ਹਨ।ਇਸ ਤੋਂ ਇਲਾਵਾ ਦੋਸ਼ੀਆਂ ਨੇ ਇਹ ਵੀ ਪੁੱਛਗਿੱਛ ਦੌਰਾਨ ਮੰਨਿਆਂ ਉਹਨਾਂ ਨੇ ਏ.ਟੀ.ਐਮ ਚੋਰੀ ਕਰਨ ਲਈ 2 ਵਰੁਣਾ ਕਾਰਾਂ ਬੀ.ਐਮ.ਸੀ. ਚੌਕ ਜਲੰਧਰ ਦੇ ਪੁਲ ਥੱਲਿਉਂ, ਇੱਕ ਵਰੁਣਾ ਕਾਰ ਸੂਰੀਆ ਇਨਕਲੇਵ ਜਲੰਧਰ ਤੋਂ ਚੋਰੀ ਕੀਤੀ ਅਤੇ ਇੱਕ ਵਰੁਣਾ ਕਾਰ ਸਾਲ 2017 ਵਿੱਚ ਮਜੀਠਾ ਰੋਡ ਅੰਮ੍ਰਿਤਸਰ ਤੋਂ ਅੱਖਾਂ ਵਿੱਚ ਮਿਰਚਾਂ ਪਾ ਕੇ ਖੋਹੀ ਸੀ। ਇਹਨਾਂ ਕਾਰਾਂ ਵਿੱਚੋਂ ਇੱਕ ਕਾਰ ਪਿੰਜੌਰ ਵਿਖੇ ਵੇਚ ਦਿੱਤੀ, ਇੱਕ ਕਾਰ ਜੰਡੂਸਿੰਘਾ ਦੀ ਬੈਕਸਾਈਡ ਤੇ ਖੜੀ ਕਰ ਦਿੱਤੀ ਅਤੇ ਤੀਸਰੀ ਕਾਰ ਆਦਮਪੁਰ ਵਿਖੇ ਛੱਡ ਦਿੱਤੀ।ਇਸ ਤੋਂ ਇਲਾਵਾ ਜੰਡਿਆਲਾ ਤੋਂ ਗੰਨ ਪੁਆਇੰਟ ਤੇ ਇੱਕ ਆਈ.ਟਵੰਟੀ ਕਾਰ ਖੋਹੀ। ਏ.ਟੀ.ਐਮ ਵਾਲੀਆਂ ਵਾਰਦਾਤਾਂ ਕਰਨ ਤੋਂ ਪਹਿਲਾਂ ਇੰਦਰਜੀਤ ਸਿੰਘ ਉਕਤ ਕਾਰਾਂ ਚੋਰੀ ਕਰਕੇ ਵੇਚਦਾ ਸੀ, ਪ੍ਰੰਤੂ ਉਹਨਾਂ ਵਿੱਚ ਪੈਸੇ ਘੱਟ ਬਚਣ ਕਰਕੇਂ ਉਸ ਨੇ ਏ.ਟੀ.ਐਮ ਚੋਰੀ ਕਰਨ ਦੀਆਂ ਵਾਰਦਾਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜੋ ਦੌਰਾਨੇ ਪੁੱਛਗਿੱਛ ਹੋਰ ਵੀ ਅਹਿਮ ਸੁਰਾਗ ਸਾਹਮਣੇ ਆਉਣ ਦੀ ਪੂਰੀ-ਪੂਰੀ ਸੰਭਾਵਨਾ ਹੈ।

**ਦੋਸ਼ੀਆਂ ਪਾਸੋਂ ਹੋਈ ਬਰਾਮਦਗੀ ਦਾ ਵੇਰਵਾ:-**

1. ਵਰੁਣਾ ਕਾਰ ਨੰਬਰੀ ਪੀ.ਬੀ.-07-ਏ.ਐਮ-8224,
2. ਜਾਅਲੀ ਨੰਬਰ ਪਲੇਟਾਂ
3. ਆਕਸੀਜ਼ਨ ਵਾਲਾ ਗੈਸ ਕਟਰ, ਗੈਸ ਸਲੰਡਰ, ਦਸਤਾਨੇ ਅਤੇ ਵਾਰਦਾਤ ਕਰਨ ਸਮੇਂ ਪਹਿਨੇ ਹੋਏ ਕੱਪੜੇ।

**ਅਸਲਾ/ਐਮੋਨੇਸ਼ਨ:**

1. 2 ਪਿਸਟਲ ਦੇਸੀ 32 ਬੋਰ ਸਮੇਤ 12 ਕਾਰਤੂਸ ਜਿੰਦਾ

**ਡਰੱਗ:**

ਕੈਪਸੂਲ = 700 ਨਸ਼ੀਲੀਆਂ ਗੋਲੀਆਂ = 500

**ਕੁੱਲ ਨਗਦੀ:** 5,50,000/-ਰੁਪਏ + 4,50,000/-ਰੁਪਏ = 10,00,000/-ਰੁਪਏ

**ਏ.ਟੀ.ਐਮ ਚੋਰ ਗਿਰੋਹ ਵੱਲੋਂ ਕੀਤੀਆਂ ਗਈਆਂ ਵਾਰਦਾਤਾਂ:-**

| ਲੜੀ ਨੰਬਰ | ਜਗ੍ਹਾ ਦਾ ਨਾਮ | ਸਾਲ | ਬੈਂਕ ਦਾ ਨਾਮ | ਕੁੱਲ ਰਕਮ |
|---|---|---|---|---|
| 1. | ਸ਼ਾਮ ਚੁਰਾਸੀ | 2013 | ਪੀ.ਐਨ.ਬੀ | 8,25,000/- |
| 2. | ਬੇਗੋਵਾਲ | 2013 | ਐਕਸਿਸ ਬੈਂਕ | 9,00,000/- |
| 3. | ਨੰਦਾ ਚੌਂਕ ਹੁਸ਼ਿਆਰਪੁਰ | 2013 | ਪੀ.ਐਨ.ਬੀ. | 18,00,000/- |
| 4. | ਮਾਹਿਲਪੁਰ | 2014 | ਪੀ.ਐਨ.ਬੀ | 3,50,000/- |
| 5. | ਨੁਸ਼ਿਹਰਾ ਪੰਨੂਆਂ | 2014 | ਪੀ.ਐਨ.ਬੀ | 15,00,000/- |
| 6. | ਮਜੀਠਾ ਰੋਡ ਅੰਮ੍ਰਿਤਸਰ | 2014 | ਐਸ.ਬੀ.ਆਈ. | 9,00,000/- |
| 7. | ਬਾਬਾ ਬਕਾਲਾ | 2014 | ਸ਼ਟੇਟ ਬੈਂਕ ਆਫ ਪਟਿਆਲਾ | 10,00,000/- |
| 8. | ਅਲਫਾ ਮਾਲ ਅੰਮ੍ਰਿਤਸਰ | 2014 | ਪੀ.ਐਨ.ਬੀ | 9,50,000/- |
| 9. | ਹਰਿਆਣਾ ਭੂੰਗਾ | 2014 | ਪੀ.ਐਨ.ਬੀ | 17,00,000/- |
| 10. | ਭੀਖੋਵਾਲ | 2014 | ਓ.ਬੀ.ਸੀ. | |
| 11. | ਕਮਾਹੀ ਦੇਵੀ | 2014 | ਪੀ.ਐਨ.ਬੀ | 15,00,000/- |
| 12. | ਤਲਵਾੜਾ ਨੇੜੇ ਪੌਂਗ ਡੈਡ | 2014 | ਪੀ.ਐਨ.ਬੀ | 10,00,000/- |
| 13. | ਤਲਵੰਡੀ ਚੌਧਰੀਆਂ | 2014 | ਪੀ.ਐਨ.ਬੀ | 16,00,000/- |
| 14. | ਡਡਵਿੰਡੀ | 2014 | ਪੀ.ਐਨ.ਬੀ | |
| 15. | ਦਾਣਾ ਮੰਡੀ ਮੁਕੇਰੀਆਂ | 2014 | ਪੀ.ਐਨ.ਬੀ | 42,00,000/- |
| 16. | ਇੰਦੋਰਾ ਹਿਮਾਚਲ | 2014 | ਪੀ.ਐਨ.ਬੀ | |
| 17. | ਊਨਾ ਬਾਰਡਰ | 2014 | ਪੀ.ਐਨ.ਬੀ | 30,00,000/- |
| 18. | ਮਹਿਤਪੁਰ ਹਿਮਾਚਲ | 2014 | ਪੀ.ਐਨ.ਬੀ | |
| 19. | ਗਗਲ,ਹਿਮਾਚਲ | 2014 | ਪੀ.ਐਨ.ਬੀ | 29,00,000/- |
| 20. | ਕਾਂਗੜਾ | 2014 | ਕਾਂਗੜਾ ਬੈਂਕ | |
| 21. | ਹਮੀਰਪੁਰ,ਹਿਮਾਚਲ | 2014 | ਕਾਂਗੜਾ ਬੈਂਕ | 2,50,000/- |
| 22. | ਰਾਜਾ ਕਲਾਬ | 2014 | ਕਾਂਗੜਾ ਬੈਂਕ | - |
| 23. | ਖਹਿਰਾ ਰਾਜਾ ਜਲੰਧਰ | 2014 | ਪੀ.ਐਨ.ਬੀ | - |
| 24. | ਮੇਹਟੀਆਣਾ ਅਹਿਰਾਲਾ | 2016 | ਪੀ.ਐਨ.ਬੀ | 2,50,000/- |
| 25. | ਗੋਲਾ,ਲਖੀਨਪੁਰ | 2015 | ਪੀ.ਐਨ.ਬੀ | |
| 26. | ਕਾਂਸੀਪੁਰ, ਉਤਰਾਖੰਡ | 2016 | ਪੀ.ਐਨ.ਬੀ | 24,00,000/- |
| 27. | ਮਿਲਾਨੀ ਯੂ.ਪੀ. | 2016 | ਐਸ.ਬੀ.ਆਈ. | 6,00,000/- |
| 28. | ਫਤਿਹਪੁਰ ਨੇੜੇ ਬਰੇਲੀ | 2016 | ਪੀ.ਐਨ.ਬੀ | 9,00,000/- |
| 29. | ਲਖਨਊ ਸ਼ਹਿਰ | 2016 | ਪੀ.ਐਨ.ਬੀ | |
| 30. | ਫਿਲੌਰ | 2016 | ਐਸ.ਬੀ.ਆਈ. | 9,00,000/- |
| 31. | ਤਰਨਤਾਰਨ | 2016 | ਸ਼ਟੇਟ ਬੈਂਕ ਆਫ ਪਟਿਆਲਾ | 7,50,000/- |
| 32. | ਜਲੰਧਰ ਪੁਰਾਣੀ ਅੰਮ੍ਰਿਤਸਰ ਰੋਡ | 2015 | ਐਕਸਿਸ ਬੈਂਕ | 3,50,000/- |
| 33. | ਬਰੇਲੀ, ਉੱਤਰਾਖੰਡ | 2016 | ਪੀ.ਐਨ.ਬੀ | 9,00,000/- |
| 34. | ਸੁਲਤਾਨਪੁਰ ਲੋਧੀ | 2017 | ਓ.ਬੀ.ਸੀ.ਬੈਂਕ | 11,43,100/- |
| 35. | ਕੁੱਲ ਜੋੜ: | | | 32,568,100/- |


COMMISSIONERATE OF